Roll No. : ......................................

Total No. of Questions : **12** ]                    [ Total No. of Printed Pages : **4**

# SA–123

## B.A. (Part-III) DUE Part-I
## Suppl. Examination, 2021

## PUNJABI

Paper - II

*Time : 1½ Hours* ]                    [ *Maximum Marks : 100*

**Section–A**          **(Marks : 2 × 10 = 20)**

***Note*** :– Answer all *ten* questions (Answer limit **50** words). Each question carries **2** marks.

**(खण्ड–अ)**          **(अंक : 2 × 10 = 20)**

**नोट** :– सभी **दस** प्रश्नों के उत्तर दीजिए (उत्तर-सीमा **50** शब्द)। प्रत्येक प्रश्न **2** अंक का है।

**Section–B**          **(Marks : 8 × 5 = 40)**

***Note*** :– Answer any *five* questions out of seven (Answer limit **200** words) Each question carries **8** marks.

**(खण्ड–ब)**          **(अंक : 8 × 5 = 40)**

**नोट** :– सात में से किन्हीं **पाँच** प्रश्नों के उत्तर दीजिए (उत्तर-सीमा **200** शब्द)। प्रत्येक प्रश्न **8** अंक का है।

**Section–C**          **(Marks : 20 × 2 = 40)**

***Note*** :– Answer any *two* questions out of four (Answer limit **500** words). Each question carries **20** marks.

**(खण्ड–स)**          **(अंक : 20 × 2 = 40)**

**नोट** :– चार में से किन्हीं **दो** प्रश्नों के उत्तर दीजिए (उत्तर-सीमा **500** शब्द)। प्रत्येक प्रश्न **20** अंक का है।

## ਭਾਗ-ੳ

1. **ਨੋਟ :** ਸਾਰੇ ਪ੍ਰਸ਼ਨ ਹੱਲ ਕਰੋ। ਹਰੇਕ ਪ੍ਰਸ਼ਨ 2 ਅੰਕ ਦਾ ਹੈ।

   (i) ਗੁਰੂ ਨਾਨਕ ਕਾਲ ਦੇ ਪ੍ਰਸਿੱਧ ਕਿੱਸਾਕਾਰਾਂ ਦੇ ਨਾਮ ਲਿਖੋ ?

   (ii) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਦਰਜ਼ ਹੈ ?

   (iii) ਸ਼ੇਖ ਫਰੀਦ ਨੂੰ 'ਸ਼ੱਕਰਗੰਜ' ਕਿਉਂ ਕਿਹਾ ਜਾਂਦਾ ਹੈ ?

   (iv) ਹੀਰ ਦਮੋਦਰ ਅਨੁਸਾਰ ਹੀਰ ਕਿੰਨੀਆਂ ਸਹੇਲੀਆਂ ਦੀ ਸਰਦਾਰ ਸੀ ?

   (v) ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੀ ਰਚਨਾ ਨੂੰ ਕੀ ਕਹਿਕੇ ਸਨਮਾਨਿਆ ?

   (vi) ਰਸ ਕਿੰਨ੍ਹੇ ਪ੍ਰਕਾਰ ਦੇ ਹਨ ? ਕੋਈ ਚਾਰ ਰਸਾਂ ਦੇ ਨਾਮ ਲਿਖੋ ?

   (vii) ਸ਼ਾਹ ਹੁਸੈਨ ਨੇ ਕਿੰਨੀਆਂ ਕਾਫੀਆਂ ਦੀ ਰਚਨਾ ਕੀਤੀ ?

   (viii) ਪ੍ਰਸਿੱਧ ਨਾਥ ਜੋਗੀਆਂ ਦੇ ਨਾਮ ਲਿਖੋ ? ਕੋਈ ਦੋ ?

   (ix) ਬਾਬਾ ਫਰੀਦ ਜੀ ਦੇ ਕਿੰਨੇ ਸ਼ਰਬਦ ਅਤੇ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ ?

   (x) ਛੰਦ ਕਿਸਨੂੰ ਕਿਹਾ ਜਾਂਦਾ ਹੈ ? ਇਹ ਕਿੰਨੇ ਪ੍ਰਕਾਰ ਦੇ ਹੁੰਦੇ ਹਨ ?

## ਭਾਗ-ਅ

**ਨੋਟ :** ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **'ਪੰਜ'** ਨੂੰ ਦੱਸੇ ਅਨੁਸਾਰ ਹੱਲ ਕਰੋ। ਹਰੇਕ ਪ੍ਰਸ਼ਨ 8 ਅੰਕਾ ਦਾ ਹੈ।

2. ਹੇਠ ਲਿਖੇ ਪੈਰ੍ਹੇ ਨੂੰ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾਉ। ਕੁਲਵੰਤ ਨੇ ਗੇਟ ਤੋਂ ਜ਼ਰਾ ਦੂਰ ਆ ਕੇ ਇਕ ਲੰਘਦੇ ਜਾਂਦੇ ਖਾਲੀ ਟਾਂਗੇ ਵਾਲੇ ਨੂੰ ਅਵਾਜ਼ ਮਾਰੀ ਤੇ ਅਮੀਰਾਂ ਵਾਂਗ ਬਿਨਾ ਪੈਸੇ ਮੁਕਾਟਿਆ ਬੈਠ ਗਿਆ ਟਾਂਗੇ ਵਾਲੇ ਨੇ ਪੁੱਛਿਆ ਕਿੱਥੇ ਜਾਣਾ ਸਰਦਾਰ ਸਾਹਿਬ।

3. ਹੇਠ ਲਿਖੇ ਸ਼ਬਦ ਜੋੜਾਂ ਨੂੰ ਸਹੀ ਕਰਕੇ ਲਿਖੋ :

ਭ੍ਰੁਮ, ਇੰਦ੍ਰ, ਸਲਾਬ, ਧੱਨ, ਕੱਮ, ਦਾੜੀ, ਅਪ੍ਰੈਲ, ਸੋਹਰਾ

4. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ :

ਦਿਉਰ, ਕੁੜਮ, ਮਹੰਤ, ਅਧਿਆਪਕ, ਪਾਠਕ, ਨੌਕਰ, ਚੰਮ, ਪੱਖਾ

5. ਹੇਠ ਲਿਖੇ ਸ਼ਬਦਾਂ ਦੇ **ਦੋ-ਦੋ** ਸਮਾਨਰਥੀ ਸ਼ਬਦ ਲਿਖੋ :

ਉੱਜਲ, ਅਮੀਲ, ਅਦਬ, ਸਹੀ, ਕੋਝਾ, ਜੰਗ, ਲੌਕਿਕ, ਵਸੋਂ

6. ਹੇਠ ਲਿਖੇ ਸ਼ਬਦਾਂ ਦੇ **ਦੋ** ਵੱਖ-ਵੱਖ ਅਰਥ ਦੱਸਕੇ ਵਾਕ ਬਣਾਉ :

ਉੱਤਰ, ਅੱਕ, ਸਰ, ਕਹੀ, ਖੱਟੀ, ਘੜੀ, ਛਾਪਾ, ਢਾਲ

7. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :

ਉਣਨਾ, ਉਦਮੀ, ਅਨੋਖਾ, ਅਗੇਤਰ, ਅੰਨ੍ਹਾ, ਉਰਾਰ, ਹੋਛਾ, ਖਰਾ

8. ਹੇਠ ਲਿਖੇ ਵਾਕਾਂ ਦੇ **ਵਚਨ** ਬਦਲੋ :

(i) ਮੈਂ ਖੇਡ ਰਿਹਾ ਹਾਂ।

(ii) ਹਾਥੀ ਮਾਰਿਆ ਗਿਆ।

(iii) ਕੁੱਤਾ ਹੱਡੀ ਚੱਬਦਾ ਹੈ।

(iv) ਉਸਨੇ ਮੈਨੂੰ ਥੋੜੀ ਜਿਹੀ ਚੀਜ ਦਿੱਤੀ।

(v) ਮੁੰਡਾ ਤੇ ਕੁੜੀ ਨੱਚ ਰਹੇ ਹਨ।

(vi) ਕਮਰੇ ਵਿਚ ਮੇਜ ਪਿਆ ਹੈ।

(vii) ਹਰ ਖੇਤਰ ਵਿੱਚ ਭਾਰਤੀ ਨਾਰੀ ਅੱਗੇ ਵੱਧ ਰਹੀ ਹੈ।

(viii) ਮੋਰ ਪੈਲ੍ਹ ਪਾ ਰਿਹਾ ਹੈ।

## ਭਾਗ-ੲ

**ਨੋਟ :** ਕੋਈ **ਦੋ** ਪ੍ਰਸ਼ਨ ਹੱਲ ਕਰੋ। ਪ੍ਰਸ਼ਨ ਦਾ ਉੱਤਰ 500 ਸ਼ਬਦਾਂ ਵਿੱਚ ਲਿਖੋ। ਹਰੇਕ ਪ੍ਰਸ਼ਨ 20 ਅੰਕਾਂ ਦਾ ਹੈ।

9. ਗੁਰੂ ਅਰਜਨ ਦੇਵ ਜੀ ਦੇ ਜੀਵਨ ਰਚਨਾ ਅਤੇ ਕਾਵਿ ਕਲਾ ਉੱਪਰ ਨੋਟ ਲਿਖੋ ?

10. ਗੁਰੂ ਨਾਨਕ ਕਾਲ ਵਿੱਚ ਉਪਜੇ ਸੂਫੀ ਸਾਹਿਤ ਬਾਰੇ ਚਰਚਾ ਕਰੋ ?

11. ਬਾਬਾ ਫਰੀਦ ਜੀ ਦੇ ਜੀਵਨ, ਰਚਨਾ ਅਤੇ ਕਾਵਿ ਕਲਾ ਬਾਰੇ ਜਾਣਕਾਰੀ ਦਿਉ ?

12. ਅਲੰਕਾਰ ਦੀ ਪਰਿਭਾਸ਼ਾ ਅਤੇ ਪ੍ਰਮੁੱਖ ਅਲੰਕਾਰਾਂ ਦਾ ਉਦਾਹਰਣ ਸਹਿਤ ਵਰਣਨ ਕਰੋ ?